# KHALSA PRIMARY SCHOOL

Headteacher: Ms P. K. Sehmi

Volume 5
Issue 30

## Week beginning: 19 May 2014

*As our newsletters contain pictures of Gurus and Gurdwaras, please treat them with respect.*

### Summer Mela

This year's summer mela will be held on Saturday 5th July. We will be working with children, staff, parents, governors and the Gurdwara to organise and make it a great event for everyone. There will be a meeting held on **Wednesday 21st May at 9.00am in the small hall,** for volunteers who wish to participate in organising this event. Please do your best to attend and offer your ideas and support. If you are unable to attend the meeting, and would like to volunteer, please let the staff in the school office know.

### Year 2 SATs week

This week year 2 children will start their SATs. The tests will assess levels in Reading, Writing and Maths. SATs will continue after the half term break. Please spend some time with your child and use example papers in the pack that was provided to you in the SATs meeting earlier this year to support them through these tests & tasks.

### Cooking After School Club

We have 8 places for the cooking club for the summer term for 8 weeks. If you would like your child to join cooking club in the summer term please pay Miss Kaur £40 for 8 weeks (in the school office).




### Class Assemblies

Please see below dates of all the assemblies this half term. We welcome parents & governors to come and watch the children performing. Assemblies start at **8.50am**. Please be on time.

| Class | Date |
|---|---|
| Sahibzada Zorawar Singh Ji class (Miss Chatwal) | Friday 13th June |
| Sahibzada Fateh Singh Ji class (Miss Harrid) | Thursday 19th June |
| Nursery class (Mrs Virdee) | Friday 20th June |
| Yr3-Guru Ram Das Ji Class (Miss Birk) | Friday 27th June |
| Yr3-Guru Amar Das Ji Class (Mrs Kaur) | Friday 4th July |
| Yr4-Guru Arjan Dev Ji Class (Miss Jutla) | Friday 11th July |
| Yr4-Guru Har Gobind Sahib Ji Class (Mrs Jatana) | Wednesday 16th July |

### Dates for your diary




| Date | Event |
|---|---|
| **Week beginning Monday 19th May** | **Start of Year 2 SATs** ***Will continue in June*** |
| **Wednesday 21st May @ 9.00am** | **Summer mela meeting** |
| **Monday 26th May - Friday 30th May** | **Half Term** |
| **Monday 2nd June** | **Children return to school** |

### Chicken Pox

There has recently been an outbreak of Chicken Pox in the school. Please note that this will occur particularly in the younger children as they will not have had them yet. If your child shows signs of fever and itchiness around the body with red pox appearing, please take them to your GP to confirm. Chicken pox usually lasts for 10 days until the body is clear and scab free. Please do not send your child to school whilst they have chicken pox as it is very contagious.

### Dropping off children

For the safety of your child, it is a requirement that all children are accompanied by parents/carers to the school grounds. Please remain with your child until staff are in the playground to collect the children. **Please do not drop your child off at the pedestrian gates.**

### Half Term


Please note that the school will be closed from Monday 26th - Friday 30th May and will re-open for children on **Monday 2nd June.**

**We hope you have a relaxing half term break.**

### Thought of the week

**"If there is no struggle, there is no progress."**

### ATTENDANCE



Well done to **Guru Nanak Dev Ji & Guru Amar Das Ji Classes** for achieving best attendance for week ending **16/05/2014**.

### GOLDEN RULES

This week's Golden Rule is **'Working Hard.'**

Children who were awarded for **Remembering God** for week ending **16/05/2014:**

**Year 4:**
Guru Hargobind Sahib Ji - Manraj
Guru Arjan Dev Ji - Tajneet



**Year 3:**
Guru Ram Das Ji - Kirandeep
Guru Amar Das Ji - Dilind

**Year 2:**
Guru Nanak Dev Ji - Ishween
Guru Angad Dev Ji - Manjeet



**Year 1:**
Sahibzada Ajit Singh Ji - Jairaj
Sahibzada Jujhar Singh Ji - Eshmeet

**Reception:**
Sahibzada Fateh Singh Ji - Gursimar
Sahibzada Zorawar Singh Ji - Rajpreet



Khalsa Primary School - Norwood Green Road, Southall, Middlesex, UB2 4LA.
**Phone:** 020 8574 9045; **Fax:** 020 8574 0108; **E-mail:** info@khalsa.ealing.sch.uk; **Website:** www.khalsaschool.co.uk

# ਖ਼ਾਲਸਾ ਪ੍ਰਾਇਮਰੀ ਸਕੂਲ

**ਮੁਖ ਅਧਿਆਪਿਕਾ: ਮਿਸ ਪ. ਕ. ਸਹਿਮੀ**

## ਹਫ਼ਤੇ ਦਾ ਅਰੰਭ: ੧੯ ਮਈ ੨੦੧੪

**ਵਾਲਿਓਮ ੫, ਇਸ਼ੂ ੩੦**

**ਸਾਡੇ ਇਸ ਖ਼ਬਰਨਾਮੇ ਵਿਚ ਗੁਰੂ ਸਾਹਿਬਾਨ ਅਤੇ ਗੁਰਦੁਆਰਾ ਸਾਹਿਬ ਦੀਆਂ ਤਸਵੀਰਾਂ ਹਨ, ਇਸ ਦਾ ਪੂਰਨ ਸਤਿਕਾਰ ਕਰਨਾ ਜੀ।**

### ਗਰਮੀਆਂ ਦਾ ਮੇਲਾ

ਇਸ ਸਾਲ ਦਾ ਗਰਮੀਆਂ ਦਾ ਮੇਲਾ ਸਨਿਚਰਵਾਰ ੫ ਜੁਲਾਈ ਨੂੰ ਲਗਾਇਆ ਜਾਵੇਗਾ। ਇਸ ਸਾਲ ਵੀ ਅਸੀਂ ਬਚਿੱਆਂ, ਸਟਾਫ਼, ਮਾਪਿਆਂ, ਗਵਰਨਰ ਸਾਹਿਬਾਨ ਅਤੇ ਗੁਰਦੁਆਰਾ ਸਾਹਿਬ ਦੇ ਸਹਿਯੋਗ ਨਾਲ ਇਸ ਮੇਲੇ ਨੂੰ ਇਕ ਯਾਦਗਾਰੀ ਘਟਨਾ ਬਣਾਵਾਂਗੇ। ਜਿਹੜੇ ਸੇਵਾਦਾਰ ਇਸ ਮੌਕੇ ਸੇਵਾ ਕਰਨਾ ਚਾਹੁੰਦੇ ਹਨ, ਉਨ੍ਹਾਂ ਲਈ ਬੁਦਵਾਰ ੨੧ ਮਈ ਨੂੰ ਸਕੂਲ ਦੇ ਛੋਟੇ ਹਾਲ ਵਿਚ ਸਵੇਰੇ ੯ ਵਜੇ ਇਕ ਮੁਲਾਕਾਤ ਹੋਵੇਗੀ। ਕਿਰਪਾ ਕਰਕੇ ਇਸ ਮੁਲਾਕਾਤ ਵਿਚ ਸ਼ਾਮਿਲ ਹੋ ਕੇ ਆਪਣੇ ਸੁਝਾਅ ਅਤੇ ਸਹਿਯੋਗ ਦੇਣੋਂ ਨਾ ਝਿਜਕਣਾ ਜੀ। ਜੇਕਰ ਆਪ ਜੀ ਸੇਵਾ ਕਰਨਾ ਚਾਹੁੰਦੇ ਹੋ ਪਰ ਕਿਸੇ ਕਾਰਨ ਮੁਲਾਕਾਤ ਵਿਚ ਸ਼ਾਮਿਲ ਨਹੀਂ ਹੋ ਸਕਦੇ ਤਾਂ ਕਿਰਪਾ ਕਰਕੇ ਸਕੂਲ ਦਫ਼ਤਰ ਦੇ ਸਟਾਫ਼ ਨੂੰ ਸੂਚਿਤ ਕਰਨਾ ਜੀ।

### ਦੂਜੀ ਜਮਾਤ ਦੇ SAT ਇਮਤਿਹਾਨਾਂ ਦਾ ਹਫ਼ਤਾ

ਇਸ ਹਫ਼ਤੇ ਦੂਜੀ ਜਮਾਤ ਦੇ ਬੱਚੇ ਆਪਣੇ **SAT ਇਮਤਿਹਾਨ** ਦੇਣੇ ਸ਼ੁਰੂ ਕਰਨਗੇ। ਇਹ ਟੈਸਟ ਉਨ੍ਹਾਂ ਦੇ ਪੜਨ, ਲਿਖਣ ਅਤੇ ਗਣਿਤ ਦੇ ਪੱਧਰ ਦਾ ਮੁਲਾਂਕਣ ਕਰਨਗੇ। ਹਾਫ਼ ਟਰਮ ਦੀਆਂ ਛੁੱਟੀਆਂ ਤੋਂ ਬਾਅਦ ਇਹ ਇਮਤਿਹਾਨ ਚਲਦੇ ਰਹਿਣਗੇ। ਕਿਰਪਾ ਕਰਕੇ ਆਪਣੇ ਬੱਚਿਆਂ ਨਾਲ ਕੁਝ ਵਕਤ ਉਹ ਅਭਿਆਸ ਪੇਪਰ ਵਰਤਣ ਵਿਚ ਗੁਜ਼ਾਰਨਾ ਜਿਹੜੇ ਕਿ ਆਪ ਜੀ ਨੂੰ ਕੁਝ ਸਮਾਂ ਪਹਿਲਾਂ ਇਸ ਸਾਲ ਦੇ ਅਰੰਭ ਵਿਚ SAT ਮੁਲਾਕਾਤ ਵਿਚ ਇਕ ਪੈਕ ਵਿਚ ਦਿੱਤੇ ਗਏ ਸਨ।

### ਕੁਕਿੰਗ ਸਕੂਲ ਬਾਅਦ ਦੇ ਕਲਬ



ਸਾਡੇ ਕੋਲ ਗਰਮੀਆਂ ਦੀ ਟਰਮ ਦੇ ਕੁਕਿੰਗ ਕੱਲਬ ਵਿਚ ੯ ਹਫ਼ਤਿਆਂ ਲਈ ੮ ਥਾਵਾਂ ਖਾਲੀ ਹਨ। ਜੇਕਰ ਤੁਸੀਂ ਆਪਣੇ ਬੱਚੇ ਨੂੰ ਇਸ ਕੁਕਿੰਗ ਕੱਲਬ ਵਿਚ ਭੇਜਣਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ੯ ਹਫ਼ਤਿਆਂ ਲਈ ੪੫ ਪਾਉਂਡ ਸਕੂਲ ਦਫ਼ਤਰ ਵਿਚ **ਸ਼ੁਕਰਵਾਰ ੩੦ ਅਪਰੈਲ** ਤੱਕ ਮਿਸ ਕੌਰ ਕੋਲ ਜਮ੍ਹਾਂ ਕਰਵਾਉਣੇ ਜੀ।

### ਜਮਾਤੀ ਸਭਾਵਾਂ

ਇਸ ਹਾਫ਼ ਟਰਮ ਦੀਆਂ ਸਭਾਵਾਂ ਦੀਆਂ ਤਾਰੀਖ਼ਾਂ ਹੇਠਾਂ ਵੇਖਣਾ ਜੀ। ਅਸੀਂ ਮਾਪਿਆਂ ਅਤੇ ਗਵਰਨਰ ਸਾਹਿਬਾਨ ਨੂੰ ਬਚਿੱਆਂ ਦੀ ਪੇਸ਼ਕਾਰੀ ਦੇਖਣ ਲਈ ਨਿੱਘਾ ਸੱਦਾ ਦਿੰਦੇ ਹਾਂ। ਸਭਾਵਾਂ ਸਵੇਰੇ ੮.੫੦ ਤੇ ਅਰੰਭ ਹੋਣਗੀਆਂ। ਸਮੇਂ ਸਿਰ ਪੁਜਣ ਦੀ ਕਿਰਪਾ ਕਰਨੀ ਜੀ।

| ਜਮਾਤ | ਤਾਰੀਖ਼ |
|---|---|
| ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ (ਮਿਸ ਚਟਵਾਲ) | ਸ਼ੁਕਰਵਾਰ ੧੩ ਜੂਨ |
| ਸਾਹਿਬਜ਼ਾਦਾ ਫਤਿਹ ਸਿੰਘ ਜੀ (ਮਿਸ ਹੈਰਿਡ) | ਵਿਰਵਾਰ ੧੯ ਮਈ |
| ਨਰਸਰੀ (ਮਿਸਿਜ਼ ਵਿਰਦੀ) | ਸ਼ੁਕਰਵਾਰ ੨੦ ਜੂਨ |
| ਤੀਜੀ ਜਮਾਤ-ਗੁਰੂ ਰਾਮ ਦਾਸ ਜੀ ਜਮਾਤ (ਮਿਸ ਬਰਕ) | ਸ਼ੁਕਰਵਾਰ ੨੭ ਜੂਨ |
| ਤੀਜੀ ਜਮਾਤ-ਗੁਰੂ ਅਮਰ ਦਾਸ ਜੀ ਜਮਾਤ (ਮਿਸਿਜ਼ ਕੌਰ) | ਸ਼ੁਕਰਵਾਰ ੦੪ ਜੁਲਾਈ |
| ਜਮਾਤ ਚੌਥੀ ਗੁਰੂ ਅਰਜਨ ਦੇਵ ਜੀ (ਮਿਸ ਜੁਟਲਾ) | ਸ਼ੁਕਰਵਾਰ ੧੧ ਜੁਲਾਈ |
| ਜਮਾਤ ਚੌਥੀ ਗੁਰੂ ਹਰਗੋਬਿੰਦ ਸਾਹਿਬ ਜੀ (ਮਿਸਿਜ਼ ਜਟਾਨਾ) | ਬੁਦਵਾਰ ੧੬ ਜੁਲਾਈ |

### ਡਾਇਰੀ ਲਈ ਤਾਰੀਖ਼ਾਂ

| ਤਾਰੀਖ਼ | ਵਿਸ਼ੇਸ਼ ਮੌਕਾ |
|---|---|
| ਮੰਗਲਵਾਰ ੧੨ ਮਈ ਤੋਂ ਸ਼ੁਕਰਵਾਰ ੧੯ ਮਈ | ਪੁਸਤਕ ਮੇਲਾ |
| ਬੁੱਧਵਾਰ ੨੧ ਮਈ ਸਵੇਰੇ ੯ ਵਜੇ | ਗਰਮੀਆਂ ਦੇ ਮੇਲੇ ਲਈ ਇਕ ਮੁਲਾਕਾਤ |
| ਮੰਗਲਵਾਰ ੨੬ ਮਈ ਤੋਂ ਸ਼ੁਕਰਵਾਰ ੩੦ ਮਈ | ਹਾਫ਼ ਟਰਮ |
| ਸੋਮਵਾਰ ੨ ਜੂਨ | ਬੱਚਿਆਂ ਦੀ ਸਕੂਲ ਵਾਪਸੀ |

### ਚਿਕਨ ਪੌਕਸ

ਸਕੂਲ ਦੇ ਕਈ ਬੱਚਿਆਂ ਨੂੰ ਚਿਕਨ ਪੌਕਸ ਹੋ ਰਿਹਾ ਹੈ। ਕਿਰਪਾ ਕਰਕੇ ਖ਼ਿਆਲ ਰਖਣਾ ਕਿ ਇਹ ਛੋਟੇ ਬੱਚਿਆਂ, ਜਿਨ੍ਹਾਂ ਨੂੰ ਹਾਲੇ ਚਿਕਨ ਪੌਕਸ ਨਹੀਂ ਹੋਇਆ ਉਨ੍ਹਾਂ ਨੂੰ ਵਧੇਰੇ ਹੋ ਰਿਹਾ ਹੈ। ਜੇਕਰ ਤੁਹਾਡੇ ਬੱਚੇ ਦੇ ਸਰੀਰ ਉੱਤੇ ਖਾਰਸ਼ ਹੋਵੇ ਅਤੇ ਲਾਲ ਨਿਸ਼ਾਨ ਦਿਸਣ ਤਾਂ ਆਪਣੇ ਜੀ ਪੀ ਕੋਲ ਜਾ ਕੇ ਪੱਕਾ ਕਰਨਾ ਜੀ। ਚਿਕਨ ਪੌਕਸ ਨੂੰ ਪੂਰੀ ਤਰ੍ਹਾਂ ਠੀਕ ਹੁੰਦਿਆਂ ਲਗਭਗ ੧੦ ਦਿਨ ਲਗਦੇ ਹਨ। ਜਦੋਂ ਤੁਹਾਡੇ ਬੱਚੇ ਨੂੰ ਚਿਕਨ ਪੌਕਸ ਹੋਵੇ ਤਾਂ ਕਿਰਪਾ ਕਰਕੇ ਉਸਨੂੰ ਸਕੂਲ ਨਾ ਭੇਜਣਾ ਕਿਉਂਕਿ ਇਹ ਬਹੁਤ ਜਲਦੀ ਹੋਰਾਂ ਵਿਚ ਫੈਲਦੀ ਹੈ।

### ਬੱਚਿਆਂ ਨੂੰ ਛੱਡਣਾ

ਤੁਹਾਡੇ ਬੱਚਿਆਂ ਦੀ ਸੁਰਖਿਆ ਲਈ ਇਹ ਲਾਜ਼ਮੀ ਹੈ ਕਿ ਮਾਪੇ/ ਦੇਖਭਾਲ ਕਰਤਾ ਸਕੂਲ ਦੇ ਮੈਦਾਨ ਤੱਕ ਉਨ੍ਹਾਂ ਦੇ ਨਾਲ ਰਹਿਣ। ਕਿਰਪਾ ਕਰਕੇ ਉਦੋਂ ਤੱਕ ਬੱਚਿਆਂ ਦੇ ਨਾਲ ਰਹਿਣਾ ਜਦੋਂ ਤੱਕ ਕਿ ਸਟਾਫ਼ ਉਨ੍ਹਾਂ ਨੂੰ ਲੈਣ ਲਈ ਖੇਡ ਦੇ ਮੈਦਾਨ ਵਿਚ ਨਾ ਪਹੁੰਚ ਜਾਣ। ਕਿਰਪਾ ਕਰਕੇ ਬੱਚੇ ਨੂੰ ਪੈਦਲ ਲਾਂਘੇ ਵਾਲੇ ਗੇਟ ਉੱਤੇ ਨਾ ਛੱਡਣਾ।

### ਹਾਫ਼ ਟਰਮ


ਕਿਰਪਾ ਕਰਕੇ ਨੋਟ ਕਰਨਾ ਕਿ ਸੋਮਵਾਰ ੨੬ ਤੋਂ ਸ਼ੁਕਰਵਾਰ ੩੦ ਮਈ ਤੱਕ ਸਕੂਲ ਬੰਦ ਰਹੇਗਾ। ਬੱਚਿਆਂ ਲਈ ਸਕੂਲ ਸੋਮਵਾਰ ੨ ਜੂਨ ਨੂੰ ਖੁਲ੍ਹੇਗਾ।

**ਅਸੀਂ ਆਸ ਕਰਦੇ ਹਾਂ ਕਿ ਤੁਹਾਡੀਆਂ ਛੁਟੀਆਂ ਅਨੰਦਦਾਇਕ ਰਹਿਣਗੀਆਂ।**

### ਇਸ ਹਫ਼ਤੇ ਦਾ ਵਿਚਾਰ

**"ਜੇਕਰ ਸੰਘਰਸ਼ ਨਹੀਂ ਹੈ ਤਾਂ ਵਿਕਾਸ ਵੀ ਨਹੀਂ ਹੈ।"**

### ਹਾਜ਼ਰੀ



੧੬/੦੫/੨੦੧੪ ਨੂੰ ਸਮਾਪਤ ਹੋਏ ਹਫ਼ਤੇ ਬਿਹਤਰੀਨ ਹਾਜ਼ਰੀ ਲਈ **ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਜਮਾਤਾਂ** ਨੂੰ ਸ਼ਾਬਾਸ਼ ਹੈ।

### ਸੁਨਿਹਰੀ ਅਸੂਲ

ਇਸ ਹਫ਼ਤੇ ਦਾ ਸੁਨਿਹਰੀ ਅਸੂਲ **ਕਿਰਤ ਕਰਨੀ** ਹੈ। ਬੱਚੇ ਜਿਨ੍ਹਾਂ ਨੂੰ ੧੬/੦੫/੨੦੧੪ ਨੂੰ ਸਮਾਪਤ ਹੋਏ ਹਫ਼ਤੇ **ਨਾਮ ਜਪਣਾ** ਲਈ ਸਤਿਕਾਰਤ ਕੀਤਾ ਜਾਂਦਾ ਹੈ:



**ਚੌਥੀ ਜਮਾਤ:**
ਗੁਰੂ ਹਰਗੋਬਿੰਦ ਸਾਹਿਬ ਜੀ – ਮਨਰਾਜ
ਗੁਰੂ ਅਰਜਨ ਦੇਵ ਜੀ – ਤਾਜਨੀਤ



**ਤੀਜੀ ਜਮਾਤ:**
ਗੁਰੂ ਰਾਮਦਾਸ ਜੀ – ਕਿਰਨਦੀਪ
ਗੁਰੂ ਅਮਰਦਾਸ ਜੀ – ਦਿਲਿੰਦ



**ਦੂਜੀ ਜਮਾਤ:**
ਗੁਰੂ ਨਾਨਕ ਦੇਵ ਜੀ – ਇਸ਼ਵੀਨ
ਗੁਰੂ ਅੰਗਦ ਦੇਵ ਜੀ – ਮਨਜੀਤ

**ਪਹਿਲੀ ਜਮਾਤ:**
ਸਾਹਿਬਜ਼ਾਦਾ ਅਜੀਤ ਸਿੰਘ ਜੀ ਜਮਾਤ – ਜੈਰਾਜ
ਸਾਹਿਬਜ਼ਾਦਾ ਜੁਝਾਰ ਸਿੰਘ ਜੀ ਜਮਾਤ – ਈਸ਼ਮੀਤ

**ਰਿਸੈਪਸ਼ਨ**
ਸਾਹਿਬਜ਼ਾਦਾ ਫ਼ਤਿਹ ਸਿੰਘ ਜੀ ਜਮਾਤ – ਗੁਰਸਿਮਰ
ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਜਮਾਤ – ਰਾਜਪ੍ਰੀਤ

**Khalsa Primary School - Norwood Green Road, Southall, Middlesex, UB2 4LA.**
**Phone:** 020 8574 9045; **Fax:** 020 8574 0108; **E-mail:** info@khalsa.ealing.sch.uk; **Website:** www.khalsaschool.co.uk